# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10**

**ਮਿਤੀ : 16-08-2025**

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਗੈਰ-ਕਾਨੂੰਨੀ ਪ੍ਰਵਾਸ ਖਿਲਾਫ਼ ਚੇਤਾਵਨੀ ਦਿੱਤੀ ਏ, ਜੋ ਦੇਸ਼ ਦੀ ਆਬਾਦੀ ਲਈ ਖ਼ਤਰਾ ਏ । ਆਪਣੇ ਸੁਤੰਤਰਤਾ ਦਿਵਸ ਦੇ ਭਾਸ਼ਣ ਵਿੱਚ, ਸ਼੍ਰੀ ਮੋਦੀ ਨੇ ਦੇਸ਼ ਨੂੰ ਗੈਰ-ਕਾਨੂੰਨੀ ਪ੍ਰਵਾਸੀਆਂ ਵਲੋਂ ਪੈਦਾ ਹੋਣ ਵਾਲੇ ਖ਼ਤਰਿਆਂ ਤੋਂ ਬਚਾਉਣ ਲਈ ਇੱਕ ਉੱਚ-ਸ਼ਕਤੀਸ਼ਾਲੀ ਆਬਾਦੀ ਮਿਸ਼ਨ ਦਾ ਐਲਾਨ ਕੀਤਾ। ਪ੍ਰਧਾਨ ਮੰਤਰੀ ਨੇ ਕਿਹਾ ਕਿ, ਉਹ ਦੇਸ਼ ਨੂੰ ਇਸ ਚਿੰਤਾ ਬਾਰੇ ਸੁਚੇਤ ਕਰਨਾ ਚਾਹੁੰਦੇ ਨੇ, ਜੋ ਹੁਣ ਇੱਕ ਚੁਣੌਤੀ ਬਣ ਗਈ ਏ । ਉਨ੍ਹਾਂ ਕਿਹਾ ਕਿ, ਇੱਕ ਸੋਚੀ ਸਮਝੀ ਸਾਜ਼ਿਸ਼ ਤਹਿਤ, ਦੇਸ਼ ਦੀ ਆਬਾਦੀ ਨੂੰ ਬਦਲਿਆ ਜਾ ਰਿਹਾ ਏ, ਅਤੇ ਇੱਕ ਨਵੇਂ ਸੰਕਟ ਦੇ ਬੀਜ, ਬੀਜੇ ਜਾ ਰਹੇ ਨੇ। ਪ੍ਰਧਾਨ ਮੰਤਰੀ ਨੇ ਕਿਹਾ ਕਿ ਘੁਸਪੈਠੀਏ ਦੇਸ਼ ਦੇ ਨੌਜਵਾਨਾਂ ਦੀ ਰੋਜ਼ੀ-ਰੋਟੀ ਖੋਹ ਰਹੇ ਨੇ। ਉਨ੍ਹਾਂ ਕਿਹਾ ਕਿ ਸਰਹੱਦੀ ਇਲਾਕਿਆਂ ਵਿੱਚ ਆਬਾਦੀ ਸਬੰਧੀ ਤਬਦੀਲੀਆਂ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਪੈਦਾ ਕਰਦੀਆਂ ਨੇ –

Byte

---

ਭਗਵਾਨ ਸ੍ਰੀ ਕ੍ਰਿਸ਼ਨ ਦੇ ਜਨਮ ਦਾ ਦਿਨ, ਜਨਮਾਸ਼ਟਮੀ ਦਾ ਤਿਉਹਾਰ, ਅੱਜ ਦੇਸ਼ ਭਰ ਵਿੱਚ ਮਨਾਇਆ ਜਾ ਰਿਹਾ ਏ । ਭਗਵਾਨ ਕ੍ਰਿਸ਼ਨ ਦੀ ਪੂਜਾ ਕਰਨ ਤੇ ਓਹਨਾਂ ਦੇ ਦਰਸ਼ਨਾਂ ਲਈ ਸ਼ਰਧਾਲੂ ਵੱਡੀ ਗਿਣਤੀ ਮੰਦਰਾਂ ਵਿੱਚ ਪਹੁੰਚ ਰਹੇ ਨੇ। ਰਾਸ਼ਟਰਪਤੀ ਦ੍ਰੋਪਦੀ ਮੁਰਮੂ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਜਨਮਾਸ਼ਟਮੀ ਦੇ ਮੌਕੇ 'ਤੇ ਸਾਰੇ ਦੇਸ਼ ਵਾਸੀਆਂ ਨੂੰ ਵਧਾਈਆਂ ਦਿੱਤੀਆਂ ਨੇ । ਪੰਜਾਬ ‘ਚ ਵੀ ਸ੍ਰੀ ਕ੍ਰਿਸ਼ਨ ਜਨਮਾਸ਼ਟਮੀ ਦੀ ਪੂਰੀ ਰੌਣਕ ਏ ਜਿਥੇ ਕਲ ਰਾਤ ਤੋਂ ਹੀ ਲੋਕ ਸ਼ਰਧਾ ਨਾਲ ਮੰਦਿਰਾਂ ‘ਚ ਪਹੁੰਚ ਰਹੇ ਨੇ ਤੇ ਖੁਸ਼ੀਆਂ ਮਨਾ ਰਹੇ ਨੇ। ਕ੍ਰਿਸ਼ਨ ਜੀ ਦੇ ਜਨਮ ਸਮੇਂ ਅਤੇ ਓਹਨਾਂ ਦੀਆਂ ਬਾਲ ਲੀਲਾਵਾਂ ਨੂੰ ਦਰਸਾਉਂਦੇ ਸੋਹਣੇ ਦ੍ਰਿਸ਼ਾਂ ਵਾਲੀਆਂ ਝਾਕੀਆਂ ਵੀ ਸਜਾਈਆਂ ਗਈਆਂ ਜਿਥੇ ਛੋਟੇ – ਛੋਟੇ ਬੱਚਿਆਂ ਨੇ ਭਗਵਾਨ ਕ੍ਰਿਸ਼ਨ, ਰਾਧਾ ਰਾਣੀ ਤੇ ਗੋਪੀਆਂ ਦੇ ਰੂਪ ਵਿਚ ਸਜ ਕੇ ਆਪਣੀ ਸ਼ਰਧਾ ਪ੍ਰਗਟਾਈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀ ਸ੍ਰੀ ਕ੍ਰਿਸ਼ਨ ਜਨਮਾਸ਼ਟਮੀ ਮੌਕੇ ਸਾਰੀਆਂ ਨੂੰ ਵਧਾਈ ਦਿੱਤੀ ਏ। ਇੱਕ ਸੋਸ਼ਲ ਮੀਡਿਆ ਪੋਸਟ ਵਿਚ ਮੁਖ ਮੰਤਰੀ ਨੇ ਕਾਮਨਾ ਕੀਤੀ ਕਿ ਭਗਵਾਨ ਸ੍ਰੀ ਕ੍ਰਿਸ਼ਨ ਸਾਰਿਆਂ ‘ਤੇ ਕਿਰਪਾ ਬਣਾਈ ਰੱਖਣ।

------------------------------------------------------------------------

ਪੰਜਾਬ ਦੇ ਕੈਬਨਿਟ ਮੰਤਰੀਆਂ ਅਮਨ ਅਰੋੜਾ ਅਤੇ ਤਰੁਨਪ੍ਰੀਤ ਸਿੰਘ ਸੌਂਦ ਨੇ ਸ਼ਹੀਦ ਮਾਸਟਰ ਕਰਨੈਲ ਸਿੰਘ ਈਸੜੂ ਦੇ ਜੱਦੀ ਪਿੰਡ ਈਸੜੂ ਵਿਖੇ ਉਨ੍ਹਾਂ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਰਾਜ ਪੱਧਰੀ ਸਮਾਗਮ ਦੌਰਾਨ ਸ਼ਰਧਾ ਦੇ ਫੁੱਲ ਭੇਟ ਕੀਤੇ। ਸ਼ਹੀਦ ਈਸੜੂ ਨੇ ਪੁਰਤਗਾਲੀ ਸ਼ਾਸਨ ਤੋਂ ਗੋਆ ਨੂੰ ਆਜ਼ਾਦ ਕਰਵਾਉਣ ਸਮੇਂ ਆਪਣੀ ਜਾਨ ਕੁਰਬਾਨ ਕਰ ਦਿੱਤੀ ਸੀ। ਮੰਤਰੀਆਂ ਨੇ ਸ਼ਹੀਦ ਕਰਨੈਲ ਸਿੰਘ ਈਸੜੂ ਦੇ ਬੁੱਤ 'ਤੇ ਫੁੱਲ ਮਾਲਾਵਾਂ ਭੇਂਟ ਕੀਤੀਆ ਅਤੇ ਸ਼ਹੀਦ ਦੀਆਂ ਭਤੀਜੀਆਂ ਬਲਵਿੰਦਰ ਕੌਰ, ਜਸਵਿੰਦਰ ਕੌਰ, ਨਰਿੰਦਰ ਕੌਰ ਅਤੇ ਭਾਣਜੀ ਨਿਰਮਲ ਕੌਰ ਨੂੰ ਸਨਮਾਨਿਤ ਕੀਤਾ।

---------------------------------------------------------------------------

ਕਪੂਰਥਲਾ ਵਿਖੇ ਸੁਲਤਾਨਪੁਰ ਲੋਧੀ ਦੇ ਮੰਡ ਖੇਤਰ ਵਿੱਚ ਬਿਆਸ ਦਰਿਆ ਦੇ ਪਾਣੀ ਦੇ ਵਧੇ ਹੋਏ ਪੱਧਰ ਕਾਰਨ ਪੈਦਾ ਹੋਏ ਹਾਲਾਤ ਦੇ ਮੱਦੇਨਜ਼ਰ, ਜ਼ਿਲ੍ਹਾ ਪ੍ਰਸ਼ਾਸਨ ਪਸ਼ੂਆਂ ਦੀ ਸੁਰੱਖਿਆ ਲਈ ਡਾਕਟਰਾਂ ਦੀਆਂ ਟੀਮਾਂ ਦੀ 24 ਘੰਟੇ ਤਾਇਨਾਤੀ ਦੇ ਨਾਲ-ਨਾਲ ਸਾਈਲੇਜ ਅਤੇ ਹਰਾ ਚਾਰਾ ਸਪਲਾਈ ਕਰ ਰਿਹਾ ਏ। ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਅਮਿਤ ਕੁਮਾਰ ਪੰਚਾਲ ਨੇ ਕਿਹੈ ਕਿ ਪਸ਼ੂਆਂ ਦੇ ਡਾਕਟਰਾਂ ਅਤੇ ਫਾਰਮਾਸਿਸਟਾਂ ਨੂੰ ਸ਼ਿਫਟਾਂ ਅਨੁਸਾਰ 24 ਘੰਟੇ ਸੇਵਾਵਾਂ ਪ੍ਰਦਾਨ ਕਰਨ

ਲਈ ਤਾਇਨਾਤ ਕੀਤਾ ਗਿਆ ਏ। ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ. ਆਰ. ਪੀ. ਸਿੰਘ ਨੇ ਕਿਹੈ ਕਿ ਡਾਕਟਰਾਂ ਦੀਆਂ ਟੀਮਾਂ ਐਸ.ਡੀ.ਆਰ.ਐਫ. ਕਿਸ਼ਤੀਆਂ ਰਾਹੀਂ ਪ੍ਰਭਾਵਿਤ ਖੇਤਰਾਂ ਵਿੱਚ ਪਹੁੰਚ ਰਹੀਆਂ ਨੇ। ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਨੂੰ ਰੋਕਣ ਲਈ, ਲੋੜ ਅਨੁਸਾਰ ਐਂਥ੍ਰੈਕਸ ਦੇ ਟੀਕੇ ਵੀ ਲਾਏ ਜਾ ਰਹੇ ਨੇ।

---------------------------------------------------------------------------------

ਸਰਹੱਦੀ ਸੁਰੱਖਿਆ ਬਲ, BSF ਨੇ ਅੰਮ੍ਰਿਤਸਰ ਵਿੱਚ ਇਤਿਹਾਸਕ ਅਟਾਰੀ-ਵਾਹਗਾ ਸਾਂਝੀ ਚੌਕੀ ਵਿਖੇ, ਇੱਕ ਸ਼ਾਨਦਾਰ ਰਿਟਰੀਟ ਸਮਾਰੋਹ ਦੇ ਨਾਲ ਰਾਸ਼ਟਰ ਦਾ 79ਵਾਂ ਆਜ਼ਾਦੀ ਦਿਵਸ ਮਨਾਇਆ, ਜਿਸ ਨੂੰ ਹਜ਼ਾਰਾਂ ਦਰਸ਼ਕਾਂ ਨੇ ਇੱਕ ਰੋਮਾਂਚਕ ਮਾਹੌਲ ਵਿੱਚ ਦੇਖਿਆ।

ਇਸ ਮੌਕੇ ਮੁੱਖ ਮਹਿਮਾਨ ਵਜੋਂ BSF ਦੇ **DG, Sh. Daljit Singh Chaudhary** ਸਮੇਤ BSF ਦੇ ADG, Sh. Satish S. Khandare ਅਤੇ BSF ਪੰਜਾਬ ਦੇ IG, Dr. Atul Fulzele ਮੌਜੂਦ ਰਹੇ। ਇਸ ਸਮਾਰੋਹ ਵਿੱਚ ਭਾਰਤ ਭਰ ਦੇ BSF ਫੌਜੀਆਂ ਨੇ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਦੇ ਨਾਲ-ਨਾਲ ਸਥਾਨਕ ਕਲਾਕਾਰਾਂ ਨੇ ਲੋਕਾਂ ਦਾ ਦਿਲ ਜਿੱਤਿਆ। BSF ਦੇ ਕੁੱਤਿਆਂ ਦੀ ਟੁਕੜੀ ਵੱਲੋਂ Dog ਸ਼ੋਅ ਨੇ ਸਾਰਿਆਂ ਦਾ ਮਨ ਮੋਹ ਲਿਆ। ਸ਼ਾਮ ਦਾ ਅੰਤ ਝੰਡਾ ਉਤਾਰਨ ਦੀ ਇਕ ਸ਼ਾਨਦਾਰ ਰਸਮ ਨਾਲ ਹੋਇਆ, ਜੋ ਕਿ ਰਾਸ਼ਟਰੀ

ਮਾਣ ਦਾ ਪ੍ਰਤੀਕ ਏ। ਮੀਡੀਆ ਅਤੇ ਦਰਸ਼ਕਾਂ ਨੂੰ ਸੰਬੋਧਨ ਕਰਦਿਆਂ, BSF ਦੇ DG ਨੇ ਪੰਜਾਬ ਸਰਹੱਦ 'ਤੇ BSF ਦੀਆਂ ਬੇਮਿਸਾਲ ਪ੍ਰਾਪਤੀਆਂ ਅਤੇ OPERATION ਸਿੰਦੂਰ ਦੀ ਸਫਲਤਾ 'ਚ ਉਨ੍ਹਾਂ ਦੇ ਯੋਗਦਾਨ 'ਤੇ ਚਾਨਣਾ ਪਾਇਆ, ਜਿਸ ਲਈ ਭਾਰਤ ਸਰਕਾਰ ਨੇ BSF ਦੇ ਜਵਾਨਾਂ ਨੂੰ **2** ਵੀਰ ਚਕਰ ਅਤੇ **16** ਬਹਾਦਰੀ **Medals** ਨਾਲ ਸਨਮਾਨਿਤ ਕੀਤਾ। ਅਟਾਰੀ ਵਿਖੇ ਹੋਇਆ ਜਸ਼ਨ, ਸਰਹੱਦੀ ਸੁਰੱਖਿਆ ਬਲ ਦੀ ਬਹਾਦਰੀ ਅਤੇ ਸਮਰਪਣ ਨੂੰ ਇੱਕ ਭਾਵੁਕ ਸ਼ਰਧਾਂਜਲੀ ਸੀ।